(i) Printed Pages : 4 Roll No. ...............................

(ii) Questions : 7 **Sub. Code :** | 1 | 0 | 0 | 4 | 6 |

**Exam. Code :** | 5 | 0 | 0 | 1 |

**Bachelor of Arts (FYUP) 1st Semester**

**(2125)**

**PUNJABI (Elective)**

**Paper : Punjabi Lokdhara PBIDSC1**

**Time Allowed : Three Hours]** **[Maximum Marks : 90**

**ਨੋਟ :—** (1) ਸਾਰੇ ਪ੍ਰਸ਼ਨਾਂ ਦੇ ਉੱਤਰ ਪ੍ਰਸ਼ਨ-ਪੱਤਰ ਅਨੁਸਾਰ ਕ੍ਰਮਵਾਰ ਹੱਲ ਕੀਤੇ ਜਾਣ।

(2) ਉੱਤਰ ਭਾਵ-ਪੂਰਤ ਅਤੇ ਸਪੱਸ਼ਟ ਹੋਣੇ ਚਾਹੀਦੇ ਹਨ।

(3) ਲਿਖਾਈ ਸਾਫ਼-ਸੁਥਰੀ ਹੋਣੀ ਚਾਹੀਦੀ ਹੈ।

1. ਕਿਸੇ **ਦਸ** (10) ਪ੍ਰਸ਼ਨਾਂ ਦੇ ਲਘੂ ਉੱਤਰ (ਲਗਭਗ **25** ਸ਼ਬਦਾਂ) ਵਿੱਚ ਲਿਖੋ:

(I) ਲੋਕਧਾਰਾ ਤੋਂ ਕੀ ਭਾਵ ਹੈ?

(II) ਲੋਕਧਾਰਾ ਦੇ ਚਾਰ ਪ੍ਰਮੁੱਖ ਤੱਤ ਦੱਸੋ।

(III) ਸੁਹਾਗ ਕਿਸ ਮੌਕੇ 'ਤੇ ਅਤੇ ਕਿਹੜੀ ਧਿਰ ਵੱਲੋਂ ਗਾਇਆ ਜਾਂਦਾ ਹੈ?

(IV) ਟੱਪੇ ਦੀ ਪਰਿਭਾਸ਼ਾ ਲਿਖੋ।

(V) ਸਿੱਠਣੀ ਕਿਸ ਨੂੰ ਸੰਬੋਧਿਤ ਹੁੰਦੀ ਹੈ ਅਤੇ ਕਿਹੜੀ ਧਿਰ ਵੱਲੋਂ ਦਿੱਤੀ ਜਾਂਦੀ ਹੈ?

(VI) ਪੰਜ-ਆਬ ਤੋਂ ਕੀ ਭਾਵ ਹੈ?

(VII) 'ਮੇਰੇ ਪਿੰਡ ਦੇ ਇਸ਼ਟ' ਨਿਬੰਧ ਵਿੱਚ ਸਿੱਧ ਬਾਬੇ ਦੀ ਸਮਾਧ ਉੱਤੇ ਪੁੱਤਰ ਦੇ ਵਿਆਹ ਸੰਬੰਧੀ ਮੰਨਤ ਮੰਗਣ ਵਾਲੀ ਬੁੱਢੀ ਨਾਲ ਕੀ ਵਾਪਰਿਆ?

(VIII) ਦੰਤ ਕਥਾ ਤੋਂ ਕੀ ਭਾਵ ਹੈ?

(IX) 'ਗਿੱਧਾ : ਧਰਤੀ ਮਾਤਾ ਦੀ ਪੂਜਾ ਦਾ ਨਾਚ' ਅਨੁਸਾਰ ਤੋੜਾ ਕੀ ਹੁੰਦਾ ਹੈ? ਤੋੜਾ ਆਉਣ 'ਤੇ ਗਿੱਧਾ ਪਾਉਣ ਵਾਲੀਆਂ ਅਦਾਕਾਰਾਂ ਕੀ ਕਰਦੀਆਂ ਹਨ?

(X) 'ਪੰਜਾਬੀ ਸੱਭਿਆਚਾਰ ਅਤੇ ਲੋਕ-ਚਿਕਿੱਤਸਾ' ਅਨੁਸਾਰ ਕੀ ਵਿਗਿਆਨਿਕ ਚਿਕਿੱਤਸਾ ਦੇ ਪ੍ਰਸਾਰ ਨਾਲ ਲੋਕ-ਚਿਕਿੱਤਸਾ ਖ਼ਤਮ ਹੋ ਜਾਵੇਗੀ?

(XI) ਕਿਸ ਦਿਨ ਗਹਿਣੇ ਖਰੀਦਣਾ ਸ਼ੁੱਭ ਮੰਨਿਆ ਜਾਂਦਾ ਹੈ?

(XII) ਅੰਗਰੇਜਾਂ ਲਈ 13 ਦਾ ਅੰਕ ਅਸ਼ੁੱਭ ਕਿਉਂ ਮੰਨਿਆ ਜਾਂਦਾ ਹੈ?

10×2=20

## ਯੂਨਿਟ–I

2. ਕਿਸੇ **ਇੱਕ** ਪ੍ਰਸ਼ਨ ਦਾ ਉੱਤਰ ਦਿਉ:

(I) ਲੋਕ-ਧਾਰਾ ਦੀ ਪਰਿਭਾਸ਼ਾ ਅਤੇ ਖੇਤਰ ਦੱਸੋ।

(II) ਲੋਕਧਾਰਾ ਦਾ ਵਰਗੀਕਰਨ ਕਰੋ। 10×1=10

## ਯੂਨਿਟ–II

3. ਕਿਸੇ **ਇੱਕ** ਪ੍ਰਸ਼ਨ ਦਾ ਉੱਤਰ ਦਿਉ:

(I) ਲੋਕ ਕਾਵਿ 'ਘੋੜੀ' ਦਾ ਵਿਸ਼ਾ-ਵਸਤੂ ਅਤੇ ਬਣਤਰ ਬਾਰੇ ਲਿਖੋ।

(II) ਲੋਕ ਬਿਰਤਾਂਤ ਤੋਂ ਕੀ ਭਾਵ ਹੈ ਅਤੇ ਪੰਜਾਬੀ ਲੋਕ ਬਿਰਤਾਂਤਾਂ ਨਾਲ ਜਾਣ-ਪਛਾਣ ਕਰਵਾਉ। 15×1=15

## ਯੂਨਿਟ–III

4. ਕਿਸੇ **ਦੋ** ਪ੍ਰਸ਼ਨ ਦਾ ਉੱਤਰ ਦਿਉ:

(I) ਪੰਜਾਬੀ ਲੋਕ-ਧਾਰਾ ਦੇ ਵਿਸ਼ੇਗਤ ਪਸਾਰ ਸੰਬੰਧੀ ਚਰਚਾ ਕਰੋ।

(II) 'ਪੰਜ-ਆਬ' ਪੁਸਤਕ ਦੇ ਆਧਾਰ ਤੇ ਪੰਜਾਬ ਦੀ ਲੋਕ-ਧਾਰਾ ਦੇ ਤੱਤਾਂ ਸੰਬੰਧੀ ਵਿਚਾਰ ਕਰੋ।

(III) 'ਮੇਰੇ ਪਿੰਡ ਦੇ ਇਸ਼ਟ' ਨਿਬੰਧ ਦਾ ਲੋਕਧਾਰਾਈ ਅਧਿਐਨ ਪੇਸ਼ ਕਰੋ। 15×2=30

## ਯੂਨਿਟ–IV

5. ਹੇਠ ਲਿਖੀਆਂ ਸ਼ਖ਼ਸੀਅਤਾ ਵਿੱਚੋਂ ਕਿਸੇ **ਇੱਕ** ਬਾਰੇ 250 ਸ਼ਬਦਾਂ ਵਿੱਚ ਪੈਰਾ ਰਚਨਾ ਕਰੋ:

(I) ਜਿਉਣਾ ਮੌੜ

(II) ਸ਼ਹੀਦ ਭਗਤ ਸਿੰਘ। 5×1=5

6. ਕਿਸੇ **ਪੰਜ** ਬੁਝਾਰਤਾਂ ਨੂੰ ਬੁੱਝੋ ਤੇ ਉੱਤਰ ਲਿਖੋ:

(I) ਸੌਣ ਭਾਦੋਂ ਇੱਕ ਰੁੱਤ, ਦੋ ਬੁਢੀਆਂ ਦੀ ਇੱਕ ਗੁੱਤ।

(II) ਵੀਹ ਸੀਸ ਫੜ੍ਹ ਧੜੋਂ ਉਤਾਰੇ, ਕੀਤਾ ਖ਼ੂਨ ਨਾ ਜਾਨੋਂ ਮਾਰੇ।

(III) ਨਿੱਕੀ ਜਿਹੀ ਕੁੜੀ ਲੈ ਪਰਾਂਦਾ ਤੁਰੀ।

(IV) ਹਰੀ ਸੀ ਮਣ ਭਰੀ ਸੀ, ਮੋਤਿਆਂ ਨਾਲ ਜੜੀ ਸੀ,
ਬਾਬਾ ਜੀ ਦੇ ਬਾਗ ਵਿੱਚ, ਦੁਸ਼ਾਲਾ ਉੜ੍ਹੇ ਖੜੀ ਸੀ।

(V) ਨਿੱਕੀ ਜਿਹੀ ਕੌਲੀ, ਕਨੇਡਾ ਜਾ ਬੋਲੀ।

(VI) ਚਿੱਟੀ ਕੁੱਕੜੀ, ਚਿੱਟੇ ਪੈਰ, ਚੱਲ ਮੇਰੀ ਕੁੱਕੜੀ, ਸ਼ਹਿਰੋਂ ਸ਼ਹਿਰ।

(VII) ਦੋ ਕਬੂਤਰ ਕੋਲੋਂ-ਕੋਲੀਂ, ਖੰਡ ਉਨ੍ਹਾਂ ਦੇ ਕਾਲੇ,

ਨਾ ਕੁੱਝ ਖਾਂਦੇ ਨਾ ਕੁੱਝ ਪੀਂਦੇ, ਰੱਬ ਉਨ੍ਹਾਂ ਨੂੰ ਪਾਲੇ। 5×1=5

7. ਹੇਠ ਲਿਖੇ ਲਘੂ ਪ੍ਰਸ਼ਨਾਂ ਵਿੱਚੋਂ ਕੋਈ **ਪੰਜ** ਦੇ ਉੱਤਰ ਦਿਓ:

(I) ਚੇਚਕ ਨਿਕਲਣ ਤੇ ਕਿਸ ਦੀ ਪੂਜਾ ਕਰਨੀ ਚਾਹੀਦੀ ਹੈ?

(II) ਜੁੱਤੀ ਪੁੱਠੀ ਹੋਵੇ ਤਾਂ ਕਿਸ ਗੱਲ ਦਾ ਸੰਕੇਤ ਹੈ?

(III) ਸੁਪਨੇ ਵਿੱਚ ਸੱਪ ਦਿੱਸਣ ਤੋਂ ਕੀ ਭਾਵ ਹੈ?

(IV) ਪੰਜਾਬੀ ਲੋਕ ਵਿਸ਼ਵਾਸ਼ਾਂ ਅਨੁਸਾਰ ਕਿਹੜੇ ਅੰਕ ਸ਼ੁੱਭ ਮੰਨੇ ਜਾਂਦੇ ਹਨ?

(V) ਬੱਚਾ ਜੇਕਰ ਉਪਰਲਾ ਦੰਦ ਕੱਢੇ ਤਾਂ ਕੀ ਲੋਕ ਵਿਸ਼ਵਾਸ਼ ਹੈ?

(VI) ਘਰੋਂ ਤੁਰਣ ਲੱਗਿਆਂ ਪਿੱਛੋਂ ਆਵਾਜ ਮਾਰਨੀ ਕਿਸ ਗੱਲ ਦਾ ਪ੍ਰਤੀਕ ਹੈ?

(VII) ਬੱਚੇ ਨੂੰ ਬੁਰੀ ਨਜ਼ਰ ਤੋਂ ਬਚਾਉਣ ਲਈ ਕੀ ਕੀਤਾ ਜਾਂਦਾ ਹੈ?

5×1=5